/125458/2025

**ਪੰਜਾਬ ਸਕੂਲ ਸਿੱਖਿਆ ਬੋਰਡ**

**(ਐਫੀਲੀਏਸ਼ਨ ਸ਼ਾਖਾ)**

ਵੱਲ

ਪ੍ਰਿੰਸੀਪਲ / ਮੁੱਖ ਅਧਿਆਪਕ/ਅਧਿਆਪਿਕਾ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼, ਪੰਜਾਬ।

ਨੰਬਰ: (E- 130018 ) ਪਸਸਬ-ਐਫੀ: 2025/2958 ਮਿਤੀ:27/8/25

**ਵਿਸ਼ਾ:-** ਬਜੁਰਗਾਂ ਦੇ ਆਦਰ ਸਤਿਕਾਰ ਹਿੱਤ ਨਵੀ ਉਭਰਦੀ ਪੀੜੀ ਨੂੰ ਸੰਦੇਸ਼।

ਉਪਰੋਕਤ ਵਿਸ਼ੇ ਸਬੰਧੀ ਦਫਤਰ ਵਿੱਚ ਪੱਤਰ ਪ੍ਰਾਪਤ ਹੋਇਆ ਹੈ ਕਿ ਜਿਸ ਵਿੱਚ ਦਰਜ ਕੀਤਾ ਗਿਆ ਹੈ ਕਿ ਅੱਜ ਕੱਲ੍ਹ ਦੇ ਬਜੁਰਗਾਂ ਦੀ ਘਰਾਂ ਵਿੱਚ ਤੇ ਸਮਾਜ ਵਿੱਚ ਇੱਜ਼ਤ, ਸਤਿਕਾਰ ਤੇ ਕਦਰ ਦੀ ਬਹੁਤ ਹੀ ਘਾਟ ਆ ਗਈ ਹੈ । ਕਈ ਪਰਿਵਾਰਾਂ ਵਿੱਚ ਤਾਂ ਬਜ਼ੁਰਗਾਂ ਨਾਲ ਗਾਲੀ ਗਲੌਜ ਤੋਂ ਚੱਲ ਕੇ ਹੱਥਾਪਾਈ ਤੇ ਮਾਰਕੁੱਟ ਦੀਆਂ ਘਟਨਾਵਾਂ ਵੀ ਆਮ ਹੋ ਰਹੀਆਂ ਹਨ। ਉਨ੍ਹਾਂ ਦੇ ਪੁੱਤ, ਨੂੰਹਾਂ, ਧੀਆਂ ਤੇ ਪੋਤਰੇ, ਪੋਤਰੀਆਂ ਵੀ ਆਪਣਾ ਵਿਰਸਾ ਭੁੱਲ ਕੇ ਆਦਤਾਂ ਵਿਗਾੜ ਰਹੀਆਂ ਹਨ । ਇਸ ਸਾਲ ਪਹਿਲੀ ਅਕਤੂਬਰ ਨੂੰ ਸਾਰੇ ਸਕੂਲਾਂ ਦੇ ਬੱਚਿਆਂ ਨੂੰ ਸਮੂਹਿਕ ਰੂਪ ਵਿੱਚ ਆਪਣੇ ਵੱਡਿਆਂ ਦਾ ਸਤਿਕਾਰ ਕਰਨ ਸਬੰਧੀ ਹੇਠ ਦਰਜ ਅਨੁਸਾਰ ਪ੍ਰਣ ਕਰਵਾਇਆ ਜਾਵੇ:-

**"ਮੈਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਅਤੇ ਦੇਖਭਾਲ ਕਰਨ, ਉਨ੍ਹਾਂ ਦੀ ਸਿਆਣਪ ਨੂੰ ਸੁਣਨ, ਉਨ੍ਹਾਂ ਦੀ ਸੇਵਾ ਕਰਨ ਅਤੇ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿਣ ਦੀ ਸਹੁੰ ਖਾਂਦਾ ਹਾਂ। ਮੈਂ ਸਮਝਦਾ ਹਾਂ ਕਿ ਮੇਰਾ ਭਵਿੱਖ ਸਾਡੇ ਬਜ਼ੁਰਗਾਂ ਦੇ ਆਸ਼ੀਰਵਾਦ ਅਤੇ ਉਨ੍ਹਾਂ ਦੁਆਰਾ ਦਰਸਾਈਆਂ ਗਈਆਂ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ। ਮੈਂ ਸਾਰੇ ਬਜ਼ੁਰਗਾਂ ਨਾਲ ਇੱਜ਼ਤ ਅਤੇ ਪਿਆਰ ਨਾਲ ਪੇਸ਼ ਆਉਣ ਦਾ ਵਾਅਦਾ ਕਰਦਾ ਹਾਂ।"**

ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪ੍ਰਣ ਨੂੰ ਉਹ ਹਰ ਸਾਲ ਪਹਿਲੀ ਅਕਤੂਬਰ ਨੂੰ ਦੁਹਰਾਨਾ ਯਕੀਨੀ ਬਣਾਉਣ।

Harmandeep 27.8.25
ਸੁਪਰਡੰਟ(ਐਫੀ.)
ਪੰਜਾਬ ਸਕੂਲ ਸਿੱਖਿਆ ਬੋਰਡ।